# Syllabus of Under Graduate Course (Panjabi)

| Session: 2023-24 | |
|---|---|
| **Part A - Introduction** | |
| Subject | Panjabi |
| Semester | 1st |
| Name of the Course | Bachelor of Arts |
| Course Code | B23-PNB-101 |
| Name of the Paper | ਆਧੁਨਿਕ ਪੰਜਾਬੀ ਕਵਿਤਾ ਅਤੇ ਵਿਹਾਰਕ ਪੰਜਾਬੀ<br>(Adhunik Panjabi Kavita Ate Viharak Punjabi) |
| Course Type: (CC/MCC/MDC/CC-M/DSEC/VOC/DSE/PC/AEC/VAC) | CC-1 MCC-1 |
| Level of the course (As per Annexure-I | 100-199 |
| Pre-requisite for the course (if any) | Senior Secondary (10+2) or Visharad or Equivalent inany Stream |
| Course Learning Outcomes(CLO): | After completing this course, the learner will be able to:<br>CLO-101-1 ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਵਿਧਾਗਤ ਸਰੋਕਾਰਾਂ, ਇਤਿਹਾਸਕ ਵਿਕਾਸ, ਪ੍ਰਮੁੱਖ ਝੁਕਾਵਾਂ ਅਤੇ ਪ੍ਰਵਿਰਤੀਆਂ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ।<br>CLO-101-2 ਸਿਲੇਬਸ ਵਿੱਚ ਲੱਗੇ ਕਾਵਿ ਸੰਗ੍ਰਹਿ ਦੇ ਅਧਿਐਨ ਦੁਆਰਾ ਕਾਵਿ ਪੁਸਤਕ ਦੀ ਪੜ੍ਹਤ/ ਮੁਲਾਂਕਣ ਦੀ ਸੂਝ ਅਤੇ ਸਮਝ ਪੈਦਾ ਹੋਵੇਗੀ।<br>CLO-101-3 ਵਿਦਿਆਰਥੀਆਂ ਵਿੱਚ ਕਵਿਤਾ ਨੂੰ ਪੜ੍ਹਨ/ ਸਮਝਣ/ ਸਿਰਜਣ ਦੀ ਰੁਚੀ ਪੈਦਾ ਹੋਵੇਗੀ।<br>CLO-101-4 ਵਿਹਾਰਕ ਪੰਜਾਬੀ ਦੀ ਪੜ੍ਹਾਈ ਰਾਹੀਂ ਪੰਜਾਬੀ ਭਾਸ਼ਾ ਦੀ ਸੰਰਚਨਾ ਅਤੇ ਵਰਤੋਂ ਵਿਹਾਰ ਬਾਰੇ ਸਮਝ ਅਤੇ ਮੁਹਾਰਤ ਪੈਦਾ ਹੋਵੇਗੀ। |

| Credits | Theory + Tutorial | Practical | Total |
|---|---|---|---|
| | 3+1 | ---------- | 4 |
| Contact Hours | 60 | ---------- | 60 |

| | |
|---|---|
| Max. Marks : 100<br>Internal Assessment Marks : 30<br>End Term Exam Marks : 70 | Time : 3 Hrs. |

Part B- Contents of The Course

Instruction for Paper Setter

1. ਪਹਿਲਾ ਪ੍ਰਸ਼ਨ ਲਾਜ਼ਮੀ ਹੈ। ਇਹ ਪ੍ਰਸ਼ਨ 14 ਨੰਬਰ ਦਾ ਹੋਵੇਗਾ। ਇਸ ਵਿੱਚ ਸਮੁੱਚੇ ਸਿਲੇਬਸ ਵਿੱਚੋਂ ਕੁੱਲ ਚਾਰ ਸੁਆਲ ਪੁੱਛੇ ਜਾਣਗੇ। ਵਿਦਿਆਰਥੀ ਲਈ ਇਹ ਸਾਰੇ ਸੁਆਲ ਕਰਨੇ ਲਾਜ਼ਮੀ ਹਨ। ਹਰ ਸੁਆਲ ਸਾਢੇ ਤਿੰਨ ਨੰਬਰ ਦਾ ਹੋਵੇਗਾ।

2. ਸਮੁੱਚਾ ਸਿਲੇਬਸ ਕੁੱਲ ਚਾਰ ਯੂਨਿਟਾਂ ਵਿੱਚ ਵੰਡਿਆ ਗਿਆ ਹੈ। ਹਰ ਯੂਨਿਟ 14 ਨੰਬਰਾਂ ਦਾ ਹੈ।

3. ਯੂਨਿਟ ਪਹਿਲਾ ਵਿੱਚ ਕਵਿਤਾ ਦੇ ਸਿਧਾਂਤ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁੱਖ ਰੂਪਾਂ ਬਾਰੇ ਤਿੰਨ ਸੁਆਲ ਪੁੱਛੇ ਜਾਣਗੇ। ਵਿਦਿਆਰਥੀ ਨੇ ਇਹਨਾਂ ਵਿੱਚੋਂ ਕੋਈ ਦੋ ਸੁਆਲ ਕਰਨੇ ਹਨ। ਹਰ ਪ੍ਰਸ਼ਨ ਸੱਤ-ਸੱਤ ਨੰਬਰ ਦਾ ਹੋਵੇਗਾ।

4. ਯੂਨਿਟ ਦੂਜਾ ਵਿੱਚ ਆਧੁਨਿਕ ਪੰਜਾਬੀ ਕਵਿਤਾ ਦੇ ਨਿਕਾਸ, ਪ੍ਰਮੁੱਖ ਵਿਕਾਸ ਪੜਾਵਾਂ, ਆਧੁਨਿਕ ਪੰਜਾਬੀ ਕਵਿਤਾ ਦੀਆਂ ਪ੍ਰਵਿਰਤੀਆਂ ਅਤੇ ਕਵਿਤਾ ਦੇ ਪ੍ਰਮੁੱਖ ਰੁਝਾਨਾਂ ਬਾਰੇ ਤਿੰਨ ਸੁਆਲ ਪੁੱਛੇ ਜਾਣਗੇ। ਵਿਦਿਆਰਥੀ ਨੇ ਇਹਨਾਂ ਵਿੱਚੋਂ ਕੋਈ ਦੋ ਸੁਆਲ ਕਰਨੇ ਹਨ। ਹਰ ਪ੍ਰਸ਼ਨ ਸੱਤ-ਸੱਤ ਨੰਬਰ ਦਾ ਹੋਵੇਗਾ।

5. ਯੂਨਿਟ ਤੀਜਾ ਵਿੱਚ ਇੱਕ ਸੁਆਲ ਸਿਲੇਬਸ ਵਿੱਚ ਲੱਗੀਆਂ ਕਵਿਤਾਵਾਂ ਦੇ ਵਿਸ਼ੇ/ ਸਾਰ/ ਆਲੋਚਨਾਤਮਕ ਅਧਿਐਨ (ਦੋ ਵਿੱਚੋਂ ਇੱਕ) ਬਾਰੇ ਪੁਛਿਆ ਜਾਵੇਗਾ। ਇੱਕ ਸੁਆਲ ਸਿਲੇਬਸ ਵਿੱਚ ਲੱਗੇ ਕਿਸੇ ਕਵੀ ਦੇ ਜੀਵਨ ਪ੍ਰੀਚੈ ਅਤੇ ਸਾਹਿਤਕ ਯੋਗਦਾਨ (ਦੋ ਵਿੱਚੋਂ ਇੱਕ) ਬਾਰੇ ਪੁੱਛਿਆ ਜਾਵੇਗਾ। ਇਹ ਸੁਆਲ ਪੰਜ-ਪੰਜ ਨੰਬਰ ਦੇ ਹੋਣਗੇ। ਇੱਕ ਸੁਆਲ ਕਵਿਤਾ ਦੀ ਪ੍ਰਸੰਗ ਸਾਹਿਤ ਵਿਆਖਿਆ ਦਾ ਹੋਵੇਗਾ। ਵਿਦਿਆਰਥੀਆਂ ਨੂੰ ਦੋ ਕਾਵਿ ਟੁਕੜੀਆਂ ਦਿੱਤੀਆਂ ਜਾਣਗੀਆਂ ਜਿਸ ਵਿੱਚੋਂ ਵਿਦਿਆਰਥੀ ਨੇ ਕਿਸੇ ਇੱਕ ਦੀ ਪ੍ਰਸੰਗ ਸਾਹਿਤ ਵਿਆਖਿਆ ਕਰਨੀ ਹੋਵੇਗੀ। ਇਹ ਸੁਆਲ ਚਾਰ ਨੰਬਰ ਦਾ ਹੋਵੇਗਾ।

6. ਯੂਨਿਟ ਚੌਥਾ ਦੇ ਚਾਰ ਉਪ-ਭਾਗ ਹਨ। ਹਰ ਉਪ-ਭਾਗ ਦੇ 3 $^{1}/_{2}$ ਨੰਬਰ ਹਨ। ਉਪ-ਭਾਗ ਪਹਿਲਾ ਅਤੇ ਦੂਜਾ ਵਿੱਚੋਂ ਦੋ-ਦੋ ਸੁਆਲ ਪੁੱਛੇ ਜਾਣਗੇ। ਜਿਹਨਾਂ ਵਿੱਚੋਂ ਵਿਦਿਆਰਥੀ ਨੇ ਇੱਕ ਸੁਆਲ ਕਰਨਾ ਹੈ। ਹਰ ਸੁਆਲ 3 $^{1}/_{2}$ ਨੰਬਰ ਦਾ ਹੋਵੇਗਾ। ਭਾਗ ਤੀਜਾ ਵਿੱਚ ਇੱਕ ਸੁਆਲ ਅੰਦਰੂਨੀ ਚੋਣ ਤਹਿਤ ਮੁਹਾਵਰਿਆਂ ਬਾਰੇ ਸਿਧਾਂਤਕ ਪੁੱਛਿਆ ਜਾਵੇਗਾ। ਇਹ ਸੁਆਲ 1 $^{1}/_{2}$ ਨੰਬਰ ਦਾ ਹੋਵੇਗਾ। ਦੂਜੇ ਸੁਆਲ ਵਿੱਚ ਚਾਰ ਮੁਹਾਵਰੇ ਪੁੱਛੇ ਜਾਣਗੇ ਜਿਹਨਾਂ ਵਿੱਚੋਂ ਦੋ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਉਣੇ ਹੋਣਗੇ। ਇਹ ਸੁਆਲ ਦੇ 2 ਨੰਬਰ ਹੋਣਗੇ। ਉਪ ਭਾਗ ਚੌਥਾ ਵਿੱਚ ਦਫ਼ਤਰੀ ਸ਼ਬਦਾਵਲੀ (ਦਿੱਤੇ ਗਏ ਦਸ ਸ਼ਬਦਾਂ ਵਿੱਚੋਂ ਕੋਈ ਸੱਤ ਸ਼ਬਦ ਕਰਨੇ ਹਨ) ਬਾਰੇ ਪ੍ਰਸ਼ਨ ਪੁੱਛੇ ਜਾਣਗੇ। ਹਰ ਸ਼ਬਦ ਦਾ ਅੱਧਾ ਨੰਬਰ ਹੋਏਗਾ।

| Unit | Topics | Contact Hours |
|---|---|---|
| I | 1. ਆਧੁਨਿਕ ਪੰਜਾਬੀ ਕਵਿਤਾ : ਸਿਧਾਂਤਕ ਪਰਿਪੇਖ ਅੰਕ : 14<br>1.1 ਕਵਿਤਾ ਦੀ ਪਰਿਭਾਸ਼ਾ, ਤੱਤ ਅਤੇ ਵਿਸ਼ੇਸ਼ਤਾਵਾਂ<br>1.2 ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁੱਖ ਰੂਪ | |
| II | 2. ਆਧੁਨਿਕ ਪੰਜਾਬੀ ਕਵਿਤਾ : ਇਤਿਹਾਸਕ ਪਰਿਪੇਖ ਅੰਕ : 14<br>2.1 ਆਧੁਨਿਕ ਪੰਜਾਬੀ ਕਵਿਤਾ : ਇਤਿਹਾਸਕ ਪਿਛੋਕੜ ਅਤੇ ਨਿਕਾਸ<br>2.2 ਆਧੁਨਿਕ ਪੰਜਾਬੀ ਕਵਿਤਾ ਪ੍ਰਮੁੱਖ ਵਿਕਾਸ ਪੜਾਅ<br>2.3 ਆਧੁਨਿਕ ਪੰਜਾਬੀ ਕਵਿਤਾ : ਪ੍ਰਮੁੱਖ ਪ੍ਰਵਿਰਤੀਆਂ ਅਤੇ ਝੁਕਾਅ | |
| III | 3. ***ਕਾਵਿ ਨਾਦ*** (ਚੋਣਵਾਂ ਕਾਵਿ ਸੰਗ੍ਰਹਿ) ਸੰਪਾਦਕ ਡਾ. ਸਾਹਿਬ ਸਿੰਘ ਅਰਸ਼ੀ ਅਤੇ ਡਾ. ਰਮੇਸ਼ ਕੁਮਾਰ, ਪਬਲੀਕੇਸ਼ਨ ਬਿਊਰੋ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ। (ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਬਾਵਾ ਬਲਵੰਤ, ਸ਼ਿਵ ਕੁਮਾਰ, ਸੰਤੋਖ ਸਿੰਘ ਧੀਰ, ਰਮੇਸ਼ ਕੁਮਾਰ, ਹਰਭਜਨ ਸਿੰਘ ਕੋਮਲ, ਪਾਸ਼, ਸ. ਸ. ਮੀਸ਼ਾ- ਸਿਰਫ਼ ਇਹ ਕਵੀ ਹੀ ਪੜ੍ਹਾਏ ਜਾਣ) ਅੰਕ : 14<br>3.1 ਕਵਿਤਾ ਦਾ ਸਾਰ ਅਤੇ ਵਿਸ਼ਾ ਵਸਤੂ<br>3.2 ਕਵਿਤਾ ਦਾ ਕਲਾ ਪੱਖ<br>3.3 ਕਵਿਤਾ ਦਾ ਆਲੋਚਨਾਤਮਕ ਅਧਿਐਨ | |

| | | |
|---|---|---|
| | 3.4 ਪ੍ਰਸੰਗ ਸਹਿਤ ਵਿਆਖਿਆ<br>3.5 ਕਵੀਆਂ ਦਾ ਜੀਵਨ ਪ੍ਰੀਚੈ ਅਤੇ ਸਾਹਿਤਕ ਯੋਗਦਾਨ | |
| IV | 4. ਵਿਹਾਰਕ ਪੰਜਾਬੀ ਅੰਕ : 14<br>4.1 ਨਾਂਵ ਅਤੇ ਪੜਨਾਂਵ : ਪਰਿਭਾਸ਼ਾ ਅਤੇ ਕਿਸਮਾਂ<br>4.2 ਕਿਰਿਆ : ਪਰਿਭਾਸ਼ਾ ਅਤੇ ਕਿਸਮਾਂ<br>4.3 ਮੁਹਾਵਰਾ : ਅਰਥ, ਪਰਿਭਾਸ਼ਾ, ਪ੍ਰਯੋਗ, ਮਹੱਤਵ ਅਤੇ ਪੰਜਾਬੀ ਮੁਹਾਵਰੇ, ਅਖਾਣਾਂ ਅਤੇ ਮੁਹਾਵਰਿਆਂ ਦੀ ਵਰਤੋਂ ਪ੍ਰਤੀ ਘੱਟ ਰਹੇ ਰੁਝਾਨ ਦੇ ਕਾਰਨ ਅਤੇ ਸੁਝਾਅ<br>4.4 ਦਫ਼ਤਰੀ ਸ਼ਬਦਾਵਲੀ (100 ਸ਼ਬਦ ਨਾਲ ਨੱਥੀ ਹਨ) | |

Suggested Evaluation Method

| | |
|---|---|
| **Internal Assessment:** 30 Marks<br>➢ **Theory**<br>• Class Participation: 5 Marks<br>• Seminar/presentation/assignment/quiz/class test etc.: 5+5=10 Marks<br>• Mid-Term Exam: 15 Marks | **End Term Examination:** 70 Marks |

Part C- Learning Resources


1. ਸ. ਸ. ਖਹਿਰਾ **ਪੰਜਾਬੀ ਭਾਸ਼ਾ : ਵਿਆਕਰਣ ਅਤੇ ਬਣਤਰ,** ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਹਰਕੀਰਤ ਸਿੰਘ **ਪੰਜਾਬੀ ਸ਼ਬਦ ਰੂਪ ਅਤੇ ਸ਼ਬਦ ਜੋੜ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ
3. ਹਰਬੰਸ ਸਿੰਘ ਧੀਮਾਨ **ਪੰਜਾਬੀ ਭਾਸ਼ਾ ਅਤੇ ਵਿਆਕਰਣ,** ਗਗਨ ਪ੍ਰਕਾਸ਼ਨ, ਰਾਜਪੁਰਾ, ਪਟਿਆਲਾ, 2006